# ਤਨਖਾਹ ਵਿੱਚੋਂ ਕਟੌਤੀਆਂ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਤੁਹਾਡੇ ਕੰਮ-ਮਾਲਕ (ਇਮਪਲੌਇਅਰ) ਤੋਂ ਕਾਨੂੰਨ, ਇਨਕਮ ਟੈਕਸ, ਬੇਰੁਜ਼ਗਾਰੀ ਖਿਲਾਫ ਇਨਸ਼ੋਰੈਂਸ (ਈ ਆਈ), ਕੈਨੇਡਾ ਪੈਨਸ਼ਨ ਪਲੈਨ ਲਈ ਯੋਗਦਾਨ, ਜਾਂ ਯੂਨੀਅਨ ਦੀਆਂ ਫੀਸਾਂ ਵਰਗੀਆਂ ਕਟੌਤੀਆਂ ਕਰਨ ਦੀ ਮੰਗ ਕਰਦਾ ਹੈ।

ਇਸ ਦੇ ਨਾਲ ਹੀ, ਜੇ ਤੁਸੀਂ ਆਪਣੀ ਲਿਖਤੀ ਆਗਿਆ ਦਿੰਦੇ ਹੋ ਤਾਂ ਤੁਹਾਡਾ ਕੰਮ-ਮਾਲਕ ਹੈਲਥ ਅਤੇ ਡੈਂਟਲ ਪਲੈਨਾਂ ਅਤੇ ਕੰਪਨੀ ਦੀ ਪੈਨਸ਼ਨ ਪਲੈਨ ਲਈ ਯੋਗਦਾਨ ਵਰਗੀਆਂ ਚੀਜ਼ਾਂ ਲਈ ਵੀ ਕਟੌਤੀਆਂ ਕਰ ਸਕਦਾ ਹੈ।

ਪਰ ਤੁਹਾਡਾ ਕੰਮ-ਮਾਲਕ ਤੁਹਾਡੀਆਂ ਤਨਖਾਹਾਂ ਦਾ ਕੋਈ ਵੀ ਹਿੱਸਾ ਕਿਸੇ ਵੀ ਕਾਰਨ ਕਰਕੇ ਕੱਟ ਨਹੀਂ ਸਕਦਾ ਜੇ ਤੁਸੀਂ ਇਸ ਦੀ ਆਗਿਆ ਨਹੀਂ ਦਿੱਤੀ ਜਾਂ ਕਾਨੂੰਨ ਇਸ ਦੀ ਮੰਗ ਨਹੀਂ ਕਰਦਾ।

ਉਦਾਹਰਣ ਲਈ, ਤੁਹਾਡੇ ਤੋਂ ਅੱਗੇ ਲਿਖੀਆਂ ਚੀਜ਼ਾਂ ਵਰਗੀਆਂ ਚੀਜ਼ਾਂ ਲਈ ਪੈਸੇ ਦੇਣ ਦੀ ਮੰਗ ਨਹੀਂ ਕੀਤੀ ਜਾ ਸਕਦੀ:

- ਗੈਸ-ਐਂਡ-ਡੈਸ਼ (ਗੈਸ ਪਵਾਈ ਛੂਟ ਵੱਟੀ), ਜਿੱਥੇ ਕੋਈ ਆਪਣੀ ਗੱਡੀ ਵਿਚ ਗੈਸ ਪਾਉਂਦਾ ਹੈ ਅਤੇ ਬਿਨਾਂ ਪੈਸੇ ਦਿੱਤਿਆਂ ਭੱਜ ਜਾਂਦਾ ਹੈ।
- ਡਾਈਨ-ਐਂਡ ਡੈਸ਼, (ਖਾਣਾ ਖਾਧਾ ਛੂਟ ਵੱਟੀ), ਜਿੱਥੇ ਕੋਈ ਰੈਸਟੋਰੈਂਟ ਵਿਚ ਖਾਣਾ ਖਾਂਦਾ ਹੈ ਅਤੇ ਪੈਸੇ ਦਿੱਤੇ ਬਿਨਾਂ ਭੱਜ ਜਾਂਦਾ ਹੈ।
- ਸਟੋਰ ਵਿੱਚੋਂ ਚੋਰੀ, ਜਿੱਥੇ ਕੋਈ ਪੈਸੇ ਦਿੱਤੇ ਬਿਨਾਂ ਸਟੋਰ ਵਿੱਚੋਂ ਕਿਸੇ ਚੀਜ਼ ਸਮੇਤ ਚਲਾ ਜਾਂਦਾ ਹੈ।
- ਕੰਮ 'ਤੇ ਐਕਸੀਡੈਂਟ, ਜਿੱਥੇ ਕੰਮ-ਮਾਲਕ ਦੀਆਂ ਗੱਡੀਆਂ ਜਾਂ ਸਾਜ਼-ਸਮਾਨ ਦੀ ਕੰਮ ਦੇ ਘੰਟਿਆਂ ਦੌਰਾਨ ਟੁੱਟ-ਭੱਜ ਹੁੰਦੀ ਹੈ।

ਜੇ ਤੁਹਾਡਾ ਕੰਮ-ਮਾਲਕ ਇਨ੍ਹਾਂ ਵਿੱਚੋਂ ਕਿਸੇ ਚੀਜ਼ ਲਈ ਤੁਹਾਡੇ ਤੋਂ ਪੈਸਿਆਂ ਦੀ ਮੰਗ ਕਰਦਾ ਹੈ ਤਾਂ ਇਮਪਲੌਇਮੈਂਟ ਸਟੈਂਡਰਡਜ਼ ਬਰਾਂਚ ਨਾਲ ਸੰਪਰਕ ਕਰੋ। ਇਮਪਲੌਇਮੈਂਟ ਸਟੈਂਡਰਡਜ਼ ਬਰਾਂਚ, ਤੁਹਾਡੇ ਕੰਮ-ਮਾਲਕ ਨੂੰ ਇਹ ਆਰਡਰ ਕਰ ਸਕਦੀ ਹੈ ਕਿ ਉਹ ਤੁਹਾਡੇ ਪੈਸੇ ਤੁਹਾਨੂੰ ਵਾਪਸ ਕਰੇ ਜਿਸ ਵਿਚ ਟਿੱਪਾਂ ਵੀ ਸ਼ਾਮਲ ਹਨ।

ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਇਹ ਦੱਸਦਾ ਹੈ ਕਿ ਉਹ ਇਸ ਮਹੀਨੇ ਤੁਹਾਨੂੰ ਤੁਹਾਡੀ ਤਨਖਾਹ ਨਹੀਂ ਦੇ ਸਕਦਾ ਕਿਉਂਕਿ ਉਹ ਰੈਨੋਵੇਸ਼ਨ ਕਰ ਰਿਹਾ ਹੈ ਤਾਂ ਉਹ ਕਾਨੂੰਨ ਦੀ ਉਲੰਘਣਾ ਕਰ ਰਿਹਾ ਹੈ।

ਤੁਹਾਡਾ ਕੰਮ-ਮਾਲਕ ਗਲਤੀ ਨਾਲ ਤੁਹਾਨੂੰ ਦਿੱਤੇ ਗਏ ਵਾਧੂ ਪੈਸਿਆਂ ਨੂੰ ਤੁਹਾਡੀ ਤਨਖਾਹ ਵਿੱਚੋਂ ਉਦੋਂ ਤੱਕ ਨਹੀਂ ਕੱਟ ਸਕਦਾ ਜਦੋਂ ਤੱਕ ਤੁਸੀਂ ਉਸ ਨੂੰ ਆਪਣੀ ਲਿਖਤੀ ਆਗਿਆ ਨਹੀਂ ਦਿੰਦੇ। ਉਦਾਹਰਣ ਲਈ, ਜੇ ਤੁਹਾਡਾ ਕੰਮ-ਮਾਲਕ ਗਲਤੀ ਨਾਲ ਤੁਹਾਨੂੰ ਤੁਹਾਡੀ ਤਨਖਾਹ ਦੀ ਚਿੱਕ ਵਿਚ 100 ਡਾਲਰ ਵਾਧੂ ਦੇ ਦਿੰਦਾ ਹੈ ਤਾਂ ਉਹ ਤੁਹਾਡੀ ਤਨਖਾਹ ਦੀ ਅਗਲੀ ਚਿੱਕ ਵਿੱਚੋਂ ਤੁਹਾਡੀ ਸਹਿਮਤੀ ਤੋਂ ਬਿਨਾਂ 100 ਡਾਲਰ ਦੀ ਕਟੌਤੀ ਨਹੀਂ ਕਰ ਸਕਦਾ।

ਇਹ ਆਰਟੀਕਲ, ਬੀ.ਸੀ. ਵਿਚ ਕੰਮ ਕਰਨ ਬਾਰੇ ਕੁਝ ਕਾਨੂੰਨਾਂ ਦੀ ਸੰਖੇਪ ਜਾਣ ਪਛਾਣ ਹੈ. ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ, ਅੱਗੇ ਲਿਖੇ ਵੈੱਬਸਾਈਟ 'ਤੇ ਇਮਪਲੌਇਮੈਂਟ ਸਟੈਂਡਰਡਜ਼ ਬਰਾਂਚ ਦੇ ਵੈੱਬਸਾਈਟ 'ਤੇ ਜਾਉ:

www.labour.gov.bc.ca/esb/

---

Immigrant PLEI Consortium

This project is made possible through funding from the Government of Canada and the Province of British columbia